# ਖ਼ੁਲਾਸਾ ਖ਼ੁਤਬਾ ਜੁਮਆ 03.10.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਜਿੱਥੇ ਅਸੀਂ ਮਸਜਿਦ ਬਣਾਉਂਦੇ ਹਾਂ ਰੱਬ ਵੱਲੋਂ ਇਸਲਾਮ ਦੀ ਹਕੀਕੀ ਸਿੱਖਿਆ ਫੈਲਾਉਂਣ ਦੇ ਅਸਾਧਾਰਣ ਸਾਧਨ ਜੁੜ ਜਾਂਦੇ ਹਨ, ਅਲੱਾਹ ਤਆਲਾ ਦਾ ਪੱਖ ਤੇ ਸਹਾਇਤਾ ਪ੍ਰਗਟ ਹੁੰਦੀ ਹੈ ਅਤੇ ਇਹ ਵੀ ਰੱਬ ਦਾ ਉਪਕਾਰ ਹੈ ਕਿ ਉਹ ਮੇਰੀ ਜਾਤਰਾ ਨੂੰ ਅਸਾਧਾਰਣ ਬਰਕਤ ਬਖ਼ਸ਼ਦਾ ਹੈ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 3 ਅਕਤੂਬਰ 2014 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿਤੱਾ ।**

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮਊਦ ਅਲੈਹਿਸਲਾਮ ਫ਼ਰਮਾਉਂਦੇ ਹਨ ਕਿ, ''ਇਸਲਾਮੀ ਸਿੱਖਿਆ ਅਨੁਸਾਰ ਇਸਲਾਮ ਧਰਮ ਦੋ ਮਹਾਨ ਉਦੇਸ਼ਿਆਂ ਉਪੱਰ ਅਧਾਰਤ ਹੈ । ਅਵੱਲ ਇਕ ਰੱਬ ਨੂੰ ਜਾਨਣਾ ਜਿਵੇਂ ਕਿ ਉਹ ਵਿਦਮਾਨ ਹੈ ਅਤੇ ਉਸ ਨਾਲ ਸਨੇਹ ਕਰਨਾ ਉਸ ਦੀ ਸੱਚੀ ਅਗਿਆਕਾਰੀ ਵਿੱਚ ਆਪਣੇ ਆਪ ਨੂੰ ਲਾਉਣਾ ਜਿਵੇਂ ਕਿ ਪ੍ਰੇਮ ਤੇ ਆਗਿਆਕਾਰੀ ਦੀ ਸ਼ਰਤ ਹੈ । ਦੂਜਾ ਉਦੇਸ਼ ਇਹ ਹੈ ਕਿ ਉਸ ਦੇ ਬੰਦਿਆਂ ਦੀ ਸੇਵਾ ਅਤੇ ਹਮਦਰਦੀ ਵਿੱਚ ਆਪਣੇ ਸਾਰੇ ਸਾਧਨਾ ਨੂੰ ਲਾਉਣਾ ਬਾਦਸ਼ਾਹ ਤੋਂ ਸਾਧਾਰਣ ਮਨੁੱਖ ਤੱਕ ਜੋ ਉਪਕਾਰ ਕਰਨ ਵਾਲਾ ਹੋਵੇ ਸ਼ੁਕਰਗੁਜ਼ਾਰੀ ਤੇ ਉਪਕਾਰ ਰਾਹੀਂ ਮਾਮਲਾ ਕਰਨਾ ।''

ਫਿਰ ਆਪ ਫ਼ਰਮਾਉਂਦੇ ਹਨ ਕਿ ਇਸਲਾਮ ਨੇ ਸਿੱਖਿਆ ਦੇ ਦੋ ਭਾਗ ਕੀਤੇ ਹਨ । ਪਹਿਲਾ ਹਕੂਕੁਲੱਾਹ (ਰੱਬ ਦੇ ਹਕ ਅਰਥਾਤ ਉਸਦੀ ਬੰਦਗੀ) ਦੂਜਾ ਹਕੂਕੁਲ ਇਬਾਦ (ਅਰਥਾਤ ਉਸਦੇ ਬੰਦਿਆਂ ਦੇ ਹਕ) । ਅਲੱਾਹ ਦਾ ਹਕ ਇਹ ਹੈ ਕਿ ਉਸ ਦੀ ਅਗਿਆਕਾਰੀ ਨੂੰ ਵਾਜਬ ਸਮਝੇ ਅਤੇ ਹਕੂਕੁਲ ਇਬਾਦ ਇਹ ਹੈ ਕਿ ਰੱਬ ਦੀ ਮਖ਼ਲੂਕ ਨਾਲ ਹਮਦਰਦੀ ਕਰੇ । ਇਹ ਢੰਗ ਚੰਗਾ ਨਹੀਂ ਕਿ ਕੇਵਲ ਵਿਰੋਧੀ ਧਰਮ ਹੋਣ ਕਰਕੇ ਕਿਸੇ ਨੂੰ ਦੁੱਖ ਦੇਈਏ । ਇਸ ਪ੍ਰਕਾਰ ਦੇ ਅਨੇਕਾਂ ਹੀ ਆਦੇਸ਼ ਦੇ ਲਿਖਤਾਂ ਸਾਡੇ ਫ਼ਰਜ਼ਾਂ ਵੱਲ ਸਾਡਾ ਧਿਆਨ ਖਿਚੱਦੀਆਂ ਹਨ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਆਪਣੀਆਂ ਕਿਤਾਬਾਂ ਤੇ ਮਾਫ਼ੂਜ਼ਾਤ ਵਿੱਚ ਦਿੱਤੇ ਹਨ ਅਤੇ ਇਹੋ ਹਕੂਕੁਲੱਾਹ ਤੇ ਹਕੂਕੁਲ ਇਬਾਦ ਕਾਇਮ ਕਰਨ ਦੀ ਸਿੱਖਿਆ ਹੈ ਜਿਸ ਦੀ ਅੱਜ ਦੁਨੀਆ ਨੂੰ ਲੋੜ ਹੈ, ਅਤੇ ਇਹੋ ਸਿੱਖਿਆ ਹੈ ਜਿਸਨੂੰ ਅੱਜ ਅਸੀਂ ਦੁਨੀਆ ਸਾਹਮਣੇ ਪੇਸ਼ ਕਰਦੇ ਹਾਂ, ਤਾਂ ਦੁਨੀਆ ਹੈਰਾਨ ਰਹਿ ਜਾਂਦੀ ਹੈ । ਜੱਦ ਇਸਲਾਮੀ ਸਿੱਖਿਆ ਨੂੰ ਵਧੇਰੇ ਵਿਭਾਗਾਂ ਦੇ ਵਿਸਥਾਰ ਨਾਲ ਪੇਸ਼ ਕੀਤਾ ਜਾਂਦਾ ਹੈ ਤਾਂ ਸੁਨਣ ਵਾਲਿਆਂ ਦੀ ਹੈਰਾਨੀ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਸਾਧਾਰਣ ਤੌਰ'ਤੇ ਗ਼ੈਰ ਮੁਸਲਿਮ ਦੁਨੀਆ ਨੇ ਤਾਂ ਇਸਲਾਮ ਵਿਰੋਧੀਆਂ ਵੱਲੋਂ ਇਸਲਾਮ ਬਾਰੇ ਇਹੋ ਗੱਲਾਂ ਸੁਣੀਆਂ ਹਨ ਕਿ ਇਸਲਾਮ ਕਟੱੜਵਾਦੀ ਅਤੇ ਹੱਕ ਮਾਰਨ ਵਾਲਾ ਧਰਮ ਹੈ ਅਤੇ ਆਪਣੀ ਦਲੀਲ ਮੁਸਲਮਾਨ ਧੜਿਆਂ ਦੇ ਅਮਲੀ ਨਮੂਨੇ ਪੇਸ਼ ਕਰਦੇ ਹੋਏ ਦਿਖਦੇ ਹਨ ਜੋ ਬਦ ਕਿਸਮਤੀ ਨਾਲ ਕੁਝ ਮੁਸਲਮਾਨ ਧੜੇ ਅਤੇ ਮੁਸਲਮਾਨ ਦਿਖਾ ਰਹੇ ਹਨ । ਪਰ ਜਿਵੇਂ ਕਿ ਮੈਂ ਕਿਹਾ ਕਿ ਜੱਦ ਇਸਲਾਮੀ ਸਿੱਖਿਆ ਦੀ ਵਾਸਤਵਿਕਤਾ ਕੁਰਆਨ ਕਰੀਮ ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਜੀਵਨ ਚਰਿਤੱਰ ਤੇ ਖ਼ੁਲਫਾਏ ਰਾਸ਼ਦੀਨ ਅਤੇ ਸਹਾਬਾ (ਸਾਥੀ) ਕਰਾਮ ਦੇ ਅਮਲੀ ਨਮੂਨਿਆ ਨੂੰ ਪੇਸ਼ ਕੀਤਾ ਜਾਵੇ ਤਾਂ ਉਹਨਾਂ'ਤੇ ਅਸਲ ਸਚੱਾਈ ਖੁਲਦੀ ਹੈ । ਜੱਦ ਇਹ ਦੱਸਿਆ ਜਾਵੇ ਕਿ ਇਸ ਸਿੱਖਿਆ ਨੂੰ ਲਾਗੂ ਕਰਨ ਲਈ ਇਸ ਜੁੱਗ ਵਿੱਚ ਅਲੱਾਹ

ਤਆਲਾ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਭੇਜਿਆ ਹੈ ਅਤੇ ਅਹਮਦੀਆ ਮੁਸਲਿਮ ਜਮਾਤ ਇਸ ਦਾ ਪ੍ਰਚਾਰ ਕਰ ਰਹੀ ਹੈ ਅਤੇ ਇਸ ਉਪੱਰ ਅਮਲ ਕਰਨ ਦੇ ਜਤਨ ਵੀ ਕਰਦੀ ਹੈ, ਤਾਂ ਦੁਨੀਆ ਦਾ ਧਿਆਨ ਜਮਾਤ ਵੱਲ ਖਿੱਚਿਆ ਜਾਂਦਾ ਹੈ । ਮੈਂ ਦੇਖਿਆ ਹੈ ਕਿ ਵਿਰੋਧੀ ਤੋਂ ਵਿਰੋਧੀ ਦੇ ਸਾਹਮਣੇ ਵੀ ਜਦ ਚੰਗੇ ਤੇ ਸੋਹਣੇ ਢੰਗ ਨਾਲ ਇਹ ਸਿੱਖਿਆ ਪੇਸ਼ ਕੀਤੀ ਜਾਵੇ ਅਤੇ ਅਮਲੀ ਨਮੂਨੇ ਦਿਖਾਉਣ ਦਾ ਜਤਨ ਕੀਤਾ ਜਾਵੇ ਤਾਂ ਇਕ ਅਸਾਧਾਰਣ ਪ੍ਰਭਾਵ ਲੋਕਾਂ'ਤੇ ਪੈਂਦਾ ਹੈ । ਬਹਿਰਹਾਲ ਇਸ ਸਮੇਂ ਇਸ ਦੇ ਵਿਸਥਾਰ ਵਿੱਚ ਜਾਣ ਦੀ ਥਾਂ ਇਹ ਦਸਣਾ ਚਾਹੁੰਦਾ ਹਾਂ ਕਿ ਬੀਤੇ ਦਿਨੀ ਆਇਰਲੈਂਡ ਦੀ ਪਹਿਲੀ ਮਸਜਿਦ ਦਾ ਉਦਘਾਟਨ ਸੀ । ਆਪ ਸਾਰਿਆਂ ਨੇ ਮੇਰਾ ਖ਼ੁਤਬਾ ਵੀ ਉਥੋਂ ਸੁਣਿਆ ਹੋਵੇਗਾ ਅਤੇ ਫਿਰ ਸ਼ਾਮ ਨੂੰ ਜਦੋਂ ਰਿਸੈਪਸ਼ਨ ਦਾ ਪ੍ਰੋਗ੍ਰਾਮ ਸੀ, ਉਹ ਵੀ ਲਾਈਵ ਨਸ਼ਰ ਕੀਤਾ ਗਿਆ ਸੀ । ਉਹ ਵੀ ਸੁਣਿਆ ਹੋਵੇਗਾ । ਇਸ ਵਿੱਚ ਮੈਂ ਇਸਲਾਮੀ ਸਿੱਖਿਆ ਬਾਰੇ ਕੁਝ ਗੱਲਾਂ ਕੀਤੀਆਂ ਸਨ ਅਤੇ ਆਮ ਕਰਕੇ ਗ਼ੈਰਾ ਸਾਹਮਣੇ ਮੈਂ ਇਸੇ ਸੰਬੰਧ ਵਿੱਚ ਗੱਲਾਂ ਕੀਤਾ ਕਰਦਾ ਹਾਂ । ਜਿਸ ਦਾ ਉਹਨਾਂ'ਤੇ ਅਸਾਧਾਰਨ ਪ੍ਰਭਾਵ ਵੀ ਹੁੰਦਾ ਹੈ ।

ਉਥੇ ਗਾਲਵੇ ਆਇਰਲੈਂਡ ਵਿੱਚ ਵੀ ਜੋ ਸਾਡੇ ਮਹਿਮਾਨ ਆਏ ਹੋਏ ਸਨ ਉਹਨਾਂ'ਤੇ ਵੀ ਬਹੁਤ ਪ੍ਰਭਾਵ ਹੋਇਆ । ਇਸ ਤੋਂ ਬਿਨਾ ਪ੍ਰੈਸ ਇੰਟਰਵਿਊਜ਼, ਰਾਜਨੀਤਿਕ ਲੀਡਰਾਂ ਤੇ ਪੜ੍ਹੇ ਲਿਖੇ ਤਬਕੇ ਨਾਲ ਵੀ ਇਸਲਾਮ ਦੀ ਸਿੱਖਿਆ ਬਾਰੇ ਗੱਲਾਂ ਹੋਈਆਂ । ਓਹਨਾਂ'ਤੇ ਵੀ ਬਹੁਤ ਪ੍ਰਭਾਵ ਪਿਆ ਜਿਸਦਾ ਉਹਨਾਂ ਨੇ ਖੁੱਲਕੇ ਪ੍ਰਗਟਾਵਾ ਵੀ ਕੀਤਾ । ਆਇਰ ਲੋਕਾਂ ਦੀ ਇਹ ਖ਼ੁਬੀ ਹੈ ਕਿ ਚੰਗੀ ਮਾੜੀ ਗੱਲ ਖੁੱਲਕੇ ਕਰ ਦਿੰਦੇ ਹਨ ਜਾਂ ਜੇਕਰ ਗੱਲ ਪਸੰਦ ਨ ਆਵੇ ਤਾਂ ਫਿਰ ਚੁੱਪ ਰਹਿੰਦੇ ਹਨ । ਅਕਾਰਣ ਹੀ ਉਸਤਤੀ ਨਹੀਂ ਕਰਦੇ । ਸੋ, ਅੱਜ ਮੈਂ ਇਸ ਜਾਤਰਾ ਬਾਰੇ ਕੁਝ ਗੱਲਾਂ ਤੇ ਕੁਝ ਅਨੁਭਵ ਉਹਨਾਂ ਲੋਕਾਂ ਦੇ ਵਰਨਣ ਕਰਾਂਗਾ ਜਿਸ ਨੂੰ ਦੇਖਕੇ ਸੁਣਕੇ ਪੜ੍ਹਕੇ ਰੱਬ ਦੀ ਹਮਦ (ਉਸਤਤੀ) ਵੱਲ ਧਿਆਨ ਜਾਂਦਾ ਹੈ ਅਤੇ ਤੌਫ਼ੀਕ ਮਿਲਦੀ ਹੈ ਕਿ ਕਿਵੇਂ ਅਲੱਾਹ ਤਆਲਾ ਜਮਾਤ ਦਾ ਪਰਿਚੈ ਅਤੇ ਇਸਲਾਮ ਦੀ ਅਸਲ ਸਿੱਖਿਆ ਫੈਲਾਉਣ ਦੇ ਸੰਜੋਗ ਪੈਦਾ ਕਰ ਰਿਹਾ ਹੈ । ਜੱਦ ਮੈਂ ਆਇਰਲੈਂਡ ਵਿੱਚ ਪਹੁੰਚਿਆ ਤਾਂ ਅਗਲੇ ਦਿਨ ਪਾਰਲੀਮੈਂਟ ਹਾਊਸ ਵਿੱਚ ਸਪੀਕਰ ਅਤੇ ਕੁਝ ਪਾਰਲੀਮੈਂਟ੍ਰੀਨ ਨਾਲ ਮੁਲਾਕਾਤ ਦਾ ਪ੍ਰੋਗ੍ਰਾਮ ਰੱਖਿਆ ਹੋਇਆ ਸੀ ਜੋ ਬਹੁਤ ਹੀ ਚੰਗੇ ਵਾਤਾਵਰਣ ਵਿੱਚ ਹੋਇਆ । ਆਇਰਲੈਂਡ ਦੇ ਨੈਸ਼ਨਲ ਪਾਰਲੀਮੈਂਟ ਦੇ ਸਪੀਕਰ ਨਾਲ ਮੁਲਾਕਾਤ ਹੋਈ । ਉਹਨਾ ਨੇ ਦੱਸਿਆ ਕਿ ਮੇਰਾ ਜਮਾਤ ਨਾਲ ਪਰਿਚੈ ਹੈ ਅਤੇ ਆਪ ਦੀ ਜਮਾਤ ਦੇ ਕਾਰਜਾਂ ਨੂੰ ਮੈਂ ਕਦਰ ਦੀ ਦ੍ਰਿਸ਼ਟੀ ਨਾਲ ਦੇਖਦਾ ਹਾਂ । ਬੇਸ਼ਕ ਇਹ ਜਮਾਤ ਇੱਥੇ ਛੋਟੀ ਜਿਹੀ ਹੈ ਪਰ ਬਹੁਤ ਸਰਗਰਮ ਹੈ । ਅਫਰੀਕਨ ਦੇਸ਼ਾਂ ਵਿੱਚ ਜਮਾਤ ਅਹਮਦੀਆ ਜੋ ਸੇਵਾ ਕਰ ਰਹੀ ਹੈ ਉਸ ਬਾਰੇ ਮੈਂ ਉਹਨਾਂ ਨੂੰ ਦੱਸਿਆ ਕਿ ਕਿਵੇਂ ਅਸੀਂ ਹਸਪਤਾਲ ਚਲਾ ਰਹੇ ਹਾਂ, ਸਕੂਲ ਚਲਾ ਰਹੇ ਹਾਂ, ਗ਼ਰੀਬ ਲੋਕਾਂ ਨੂੰ ਪੀਣ ਦਾ ਪਾਣੀ ਪਹੁੰਚਾ ਰਹੇ ਹਾਂ ਅਤੇ ਦੂਜੇ ਭਲਾਈ ਦੇ ਕੰਮ ਕਰ ਰਹੇ ਹਾਂ ਅਤੇ ਇਹ ਸਭ ਕੁਝ ਬਿਨਾ ਕਿਸੇ ਮਤਿਭੇਦ ਦੇ ਹੁੰਦਾ ਹੈ । ਜਿਸ ਚੀਜ਼ ਨੇ ਉਹਨਾਂ ਨੂੰ ਹੈਰਾਨ ਕੀਤਾ ਉਹ ਇਹ ਸੀ ਕਿ ਜੱਦ ਮੈਂ ਉਹਨਾਂ ਨੂੰ ਦੱਸਿਆ ਕਿ ਸਾਡੇ ਸਕੂਲਾਂ ਵਿੱਚ ਧਾਰਮਕ ਸਿੱਖਿਆ ਵੀ ਦਿੱਤੀ ਜਾਂਦੀ ਹੈ, ਪਰ ਇਸ ਵਿੱਚ ਆਜ਼ਾਦੀ ਹੈ ਕੋਈ ਜ਼ਬਰਦਸਤੀ ਨਹੀਂ । ਇਕ ਨੇ ਪ੍ਰਸ਼ਨ ਕੀਤਾ ਕਿ ਕੀ ਕੋਈ ਅਜਿਹਾ ਅਵਸਰ ਵੀ ਆਇਆ ਹੈ ਜਾਂ ਪੈਦਾ ਕੀਤਾ ਜਾਏ ਕਿ ਜਮਾਤ ਤੋਂ ਬਿਨਾ ਜਾਂ ਗ਼ੈਰ ਅਹਮਦੀ ਮੌਲਵੀ ਜਾਂ ਉਹਨਾਂ ਦੇ ਲੀਡਰ ਜੋ ਜਮਾਤ ਦੇ ਵਿਰੁਧ ਹਨ ਬੈਠ ਕੇ ਕਿਸੇ ਪਲੇਟ ਫ਼ਾਰਮ ਉਪੱਰ ਗੱਲ ਕੀਤੀ ਜਾਵੇ । ਮੈਂ ਕਿਹਾ ਕਿ ਅਸੀਂ ਤਾਂ ਹਮੇਸ਼ਾ ਤਿਆਰ ਹਾਂ, ਤੁਸੀ ਲੋਕ ਜੇਕਰ ਅਜਿਹਾ ਪਲੇਟਫ਼ਾਰਮ ਦੇ ਸਕਦੇ ਹੋ ਤਾਂ ਅਸੀਂ ਉਥੇ ਵੀ ਜਾਣ ਨੂੰ ਤਿਆਰ ਹਾਂ । ਅਤੇ ਮੈਂਨੂੰ ਪਤਾ ਹੈ ਕਿ ਉਹ ਲੋਕ ਨਹੀਂ ਆਉਣਗੇ । ਫਿਰ ਇਸਤਰੀਆਂ ਦੀ ਆਜ਼ਾਦੀ ਬਾਰੇ ਚਰਚਾ ਹੋਈ, ਉਹਨਾਂ ਨੂੰ ਦੱਸਿਆ ਗਿਆ, ਉਹਨਾਂ ਦੀ ਬਹੁਤ ਤਸੱਲੀ ਹੋਈ । ਫਿਰ ਫਿਰਕਿਆਂ ਬਾਰੇ ਉਹਨਾਂ ਨੇ ਪ੍ਰਸ਼ਨ ਕੀਤੇ ਕਿ ਕਿਉਂ ਸ਼ੀਯਾ ਸੁੰਨੀ ਹਨ ? ਇਸ'ਤੇ ਮੈਂ ਉਹਨਾਂ ਨੂੰ ਦੱਸਿਆ ਕਿ ਜਿਵੇਂ ਯਹੂਦੀ ਤੇ ਈਸਾਈ ਫਿਰਕੇ ਹਨ ਇਸੇ ਤਰ੍ਹਾਂ ਇਸਲਾਮ ਵਿੱਚ ਵੀ ਫਿਰਕੇ ਹਨ, ਪਰ ਇਸਲਾਮ ਦੇ ਇਹਨਾ ਫਿਰਕਿਆਂ ਦੀ ਭਵਿੱਖਬਾਣੀ ਤਾਂ ਪਹਿਲਾਂ ਹੀ ਸੀ ਅਤੇ ਇਹੋ ਕਾਰਣ ਜਮਾਤ ਅਮਦੀਆ ਦੀ ਨੀਂਹ ਦਾ ਸਬਬ ਹੈ ਕਿਉਂਕਿ ਆਉਣ ਵਾਲੇ ਨੇ ਇਹਨਾ ਸਾਰਿਆਂ

ਨੂੰ ਇਕੱਤਰ ਕਰਨਾ ਸੀ । ਇਹ ਕੰਮ ਜਮਾਤ ਅਹਮਦੀਆ ਰੱਬ ਦੀ ਅਪਾਰ ਕ੍ਰਿਪਾ ਨਾਲ ਕਰ ਰਹੀ ਹੈ ।

ਡਿਪਟੀ ਮੇਅਰ ਗਾਲਵੇ ਕਾਉਂਟੀ ਨੇ ਕਿਹਾ ਕਿ ਵੱਖ ਵੱਖ ਅਕੀਦਿਆਂ ਨਾਲ ਸੰਬੰਧ ਰੱਖਣ ਵਾਲਿਆ ਨੂੰ ਇਕ ਥਾਂ ਇਕੱਤਰ ਹੁੰਦਿਆਂ ਦੇਖਣਾ ਇਕ ਅਤਿਅੰਤ ਖੁਸ਼ੀ ਦੀ ਗੱਲ ਹੈ । ਫਿਰ ਡਿਪਟੀ ਸਪੀਕਰ ਨੈਸ਼ਨਲ ਪਾਰਲੀਮੈਂਟ ਮਾਈਕਲ ਪੀਕ ਐਟ ਨੇ ਕਿਹਾ ਬਹੁਤ ਚੰਗਾ ਪ੍ਰੋਗ੍ਰਾਮ ਸੀ ਅਤੇ ਮੇਰੇ ਸੰਦੇਸ਼ ਬਾਰੇ ਕਿਹਾ ਕਿ ਪ੍ਰੇਮ ਤੇ ਅਮਨ ਬਾਰੇ ਇਹ ਸੰਬੋਧਨ ਮੇਰੇ ਲਈ ਬਹੁਤ ਧੀਰਜਵਾਨ ਹੈ ਇਸ ਸੰਬੋਧਨ ਤੋਂ ਪਤਾ ਚਲਦਾ ਹੈ ਕਿ ਪ੍ਰੇਮ ਦੇ ਸੰਦੇਸ਼ ਵਿੱਚ ਕਿੰਨ੍ਹੀ ਸ਼ਕਤੀ ਹੈ । ਇਸ ਪ੍ਰੋਗਾਮ ਵਿੱਚ ਇਕ ਮਹਿਮਾਨ ਆਏ ਹੋਏ ਸਨ ਕਹਿੰਦੇ ਹਨ ਕਿ ਮੈਂ ਬਹੁਤ ਖੁਸ਼ ਹੋਇਆ ਹਾਂ ਆਪ ਦੇ ਪ੍ਰੇਮ ਤੇ ਅਮਨ ਦੇ ਸੰਦੇਸ਼ ਨੇ ਮੈਂਨੂ ਬਹੁਤ ਪ੍ਰਭਾਵਤ ਕੀਤਾ ਹੈ । ਫਿਰ ਇਕ ਹੋਰ ਮਹਿਮਾਨ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਅਜਕਲ ਲੋਕ ਇਸਲਾਮ ਤੋਂ ਬਹੁਤ ਡਰੇ ਹੋਏ ਹਨ, ਪਰ ਇਸ ਪ੍ਰੋਗ੍ਰਾਮ ਨੇ ਸਾਨੂੰ ਸਾਰਿਆਂ ਨੂੰ ਧਾਰਮਕ ਸਹਿਨਸ਼ੀਲਤਾ ਦਾ ਪਾਠ ਦਿੱਤਾ ਦਿੱਤਾ ਹੈ । ਖ਼ਲੀਫ਼ਾ ਨੇ ਸਾਨੂੰ ਇਸਲਾਮ ਤੇ ਕੁਰਾਆਨ ਕਰੀਮ ਦੀ ਪ੍ਰੇਮ ਤੇ ਅਮਨ ਦੀ ਸਿੱਖਿਆਵਾਂ ਤੋਂ ਜਾਣੂ ਕਰਵਾਇਆ ਹੈ ਜੋ ਅਸੀਂ ਸਾਰਿਆਂ ਲਈ ਸ਼ਾਂਤੀ ਬਖ਼ਸ਼ ਸੀ । ਅੱਜ ਦੇ ਪ੍ਰੋਗ੍ਰਾਮ ਤੋਂ ਅਸੀਂ ਬਹੁਤ ਕੁਝ ਸਿੱਖਿਆ ਹੈ ।

ਫਿਰ ਇਕ ਮਹਿਮਾਨ ਜੈਨੀ ਮਕਲੀਨ ਮੇਰੇ ਸੰਬੋਧਨ ਬਾਰੇ ਕਹਿੰਦੇ ਹਨ ਕਿ ਉਹਨਾਂ ਨੇ ਕਈ ਬਹੁਤ ਹੀ ਮਹਤੱਵਪੂਰਨ ਗੱਲਾਂ ਵਰਨਣ ਕੀਤੀਆਂ ਹਨ ਅਤੇ ਕਹਿੰਦੇ ਹਨ ਕਿ ਹਰ ਵਿਅਕਤੀ ਜੋ ਖ਼ਲੀਫ਼ਾ ਸਾਹਬ ਦਾ ਸੰਬੋਧਨ ਸੁਣ ਰਿਹਾ ਸੀ ਬਹੁਤ ਹੀ ਪ੍ਰਭਾਵਤ ਦਿਖਾਈ ਦੇ ਰਿਹਾ ਸੀ । ਇਕ ਇਸਤਰੀ ਮਹਿਮਾਨ ਕਹਿੰਦੀ ਹਨ ਕਿ ਜੋ ਅਮਨ ਦਾ ਸੰਦੇਸ ਦਿੱਤਾ ਹੈ ਅਤੇ ਜਿਹਾਦ ਦਾ ਵਿਸ਼ਲੇਸ਼ਣ ਕੀਤਾ ਹੈ ਉਸ ਤੋਂ ਮੈਂ ਬਹੁਤ ਪ੍ਰਭਾਵਤ ਹੋਈ ਹਾਂ ਅਤੇ ਮਸਜਿਦ ਦਾ ਨਾਂ ਹੀ ਸਮਾਜ ਵਿੱਚ ਮਿਲਵਰਤਨ ਨੂੰ ਵਧਾ ਰਿਹਾ ਹੈ । ਏਥੇ ਆਕੇ ਇਸਲਾਮ ਬਾਰੇ ਮੈਂਨੂੰ ਇਕ ਨਵੀਂ ਪ੍ਰਕਾਰ ਦੀ ਜਾਨਕਾਰੀ ਮਿਲੀ ਹੈ । ਫਿਰ ਗਾਲਵੇ ਕਾਉਂਟੀ ਦੇ ਇਕ ਕੌਂਸਲਰ ਟਾਮ ਹੀਲੇ ਕਹਿੰਦੇ ਹਨ ਕਿ ਅਲੱਾਹ ਕਰੇ ਆਪ ਦਾ ਇਹ ਸੰਦੇਸ਼ ਸਾਰੀ ਦੁਨੀਆ ਵਿੱਚ ਗੂੰਜੇ ਅਤੇ ਆਪ ਲੋਕ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਹਕੀਕੀ ਦੂਤ ਬਨਣ । ਫਿਰ ਇਕ ਇਸਤਰੀ ਮਹਿਮਾਨ ਜੋ ਐਜੁਕੇਸ਼ਨ ਫਾਉਂਡੇਸ਼ਨ ਡਿਬਲਨ ਦੀ ਡਿਪਟੀ ਪ੍ਰਿੰਸੀਪਲ ਸਨ ਕਹਿੰਦੀ ਹਨ ਕਿ ਮੈਂਨੂੰ ਇਸ ਮਸਜਿਦ ਦਾ ਨਾਂ ਮਰਿਯੱਮ ਰੱਖਣਾ ਬਹੁਤ ਚੰਗਾ ਲੱਗਿਆ ਅਤੇ ਇਸ ਸੰਬੋਧਨ ਰਾਹੀਂ ਮੈਂਨੂੰ ਪਤਾ ਲੱਗਾ ਹੈ ਕਿ ਇਸਲਾਮ ਵਿੱਚ ਮਰਿਯੱਮ ਦਾ ਕੀ ਅਸਥਾਨ ਹੈ ਅਤੇ ਕੁਰਆਨ ਕਰੀਮ ਵਿੱਚ ਹਜ਼ਰਤ ਮਰਿਯੱਮ ਅਲੈਹਿ ਸਲਾਮ ਦੀ ਉਸਤਤੀ ਵਰਨਣ ਕੀਤੀ ਗਈ ਹੈ, ਮੇਰੇ ਲਈ ਇਹ ਬਹੁਤ ਹੀ ਦਿਲ ਖਿਚੱਵਾਂ ਨੁਕਤਾ ਹੈ । ਜੋ ਉਹਨਾਂ ਸਾਰਿਆਂ ਈਸਾਈਆਂ ਨੂੰ ਦਸਣਾ ਚਾਹੀਦਾ ਹੈ ਜੋ ਇਸਲਾਮ ਦੇ ਵਿਰੁਧ ਬੋਲਦੇ ਹਨ । ਮੈਂਨੂੰ ਇਸਲਾਮ ਬਾਰੇ ਐਨ੍ਹਾ ਗਿਆਨ ਨਹੀ ਸੀ ਖ਼ਲੀਫ਼ਾਤੁਲ ਮਸੀਹ ਦਾ ਸੰਬੋਧਨ ਸੁਣਕੇ ਹੁਣ ਮੇਰੇ ‘ਤੇ ਬਹੁਤ ਚੰਗਾ ਪ੍ਰਭਾਵ ਪਿਆ ਹੈ । ਇਕ ਜਰਨਲਿਸਟ ਇਸਤਰੀ ਆਈ ਹੋਈ ਸਨ ਮਿਸਜ਼ ਬਰਥਾ, ਕਹਿੰਦੀ ਹਨ ਕਿ ਅੱਜ ਤੋਂ ਪਹਿਲਾਂ ਮੈਂ ਇਸਲਾਮ ਤੋਂ ਉਕੱਾ ਹੀ ਵਾਕਫ਼ ਨਹੀਂ ਸੀ ਮੈਂ ਅੱਜ ਸਾਰਾ ਦਿਨ ਮਸਜਿਦ ਮਰਿੱਯਮ ਵਿੱਚ ਲੰਘਾਇਆ ਹੈ, ਖ਼ਲੀਫ਼ਾ ਦਾ ਖ਼ੁਤਬਾ ਜੁਮਆ ਅਤੇ ਮਸਜਿਦ ਮਰਿਯੱਮ ਦਾ ਉਧਘਾਟਨੀ ਸੰਬੋਧਨ ਸੁਣਿਆ । ਮੈਂ ਇਹੋ ਸਿਟੱਾ ਕੱਢਿਆ ਕਿ ਇਸਲਾਮ ਅਮਨ ਦਾ ਧਰਮ ਹੈ । ਫਿਰ ਇਕ ਅਖਬਾਰੀ ਪਤੱਰ ਪ੍ਰੇਰਕ ਕਹਿੰਦੇ ਹਨ ਕਿ ਇਹ ਸੰਬੋਧਨ ਸੋਚਣ ਲਈ ਮਜਬੂਰ ਕਰਦਾ ਹੈ । ਕਹਿੰਦੇ ਹਨ ਕਿ ਭਾਸ਼ਣ ਵਿੱਚ ਉਹਨਾਂ ਨੇ ਇਸਲਾਮ ਅਹਮਦੀਅਤ ਦਾ ਵਿਸ਼ਲੇਸ਼ਣ ਕੀਤਾ ਅਤੇ ਦੱਸਿਆ ਕਿ ਕੁਝ ਕਟੱੜ ਪੰਥੀਆਂ ਨੇ ਇਸ ਨੂੰ ਵਿਗਾੜ ਦਿੱਤਾ ਹੈ ਅਤੇ ਬਹੁਤ ਹੀ ਚੰਗੇ ਢੰਗ ਨਾਲ ਇਸਲਾਮ ਦੀ ਅਮਨ, ਪ੍ਰੇਮ ਤੇ ਸਹਿਨਸ਼ੀਲਤਾ ਦੀ ਸਿੱਖਿਆ ਪੇਸ਼ ਕੀਤੀ ਅਤੇ ਇਹ ਭਾਸ਼ਣ ਪ੍ਰਮਾਣਕ ਤੇ ਸਪਸ਼ਟ ਸੀ, ਇਹ ਸੁਣਕੇ ਗਿਆਨ ਵਿੱਚ ਬਹੁਤ ਵਾਧਾ ਹੋਇਆ ਹੈ ।

ਇਕ ਮਹਿਮਾਨ ਸਨ ਜੋ ਆਇਰਲੈਂਡ ਕੌਮੀ ਅਸੈਂਬਲੀ ਦੀ ਮੈਂਬਰ ਹਨ ਕਹਿੰਦੀ ਹਨ ਕਿ ਪਹਿਲਾਂ ਤਾਂ ਮੈਂ ਧੰਨਵਾਦ ਕਰਦੀ ਹਾਂ । ਮੈਂ ਆਪਣੇ ਹਲਕੇ ਦੇ ਅਨੇਕਾਂ ਲੋਕਾਂ ਨੂੰ ਜਾਣਦੀ ਹਾਂ ਲੋਕਲ ਪਧੱਰ’ਤੇ ਬਹੁਤ ਹੀ ਸਰਗਰਮ ਹਨ । ਇਹ ਅਹਮਦੀ ਸਾਰੇ ਹੀ ਸਾਡੇ ਸਮਾਜ ਵਿੱਚ ਬਹੁਤ ਚੰਗਾ ਕਿਰਦਾਰ ਨਿਭਾ ਰਹੇ ਹਨ । ਜਮਾਤ ਦੀਆਂ ਇਸਤਰੀਆਂ ਤਨਜ਼ੀਮ ਵੀ

ਸਾਨੂੰ ਚੇਰਟੀ ਦਿੰਦੀ ਹੈ । ਫਿਰ ਜੋ ਗਾਲਵੇ ਕਾਉਂਟੀ ਦੀ ਡਿਵੀਜ਼ਨ ਪੁਲਿਸ ਚੀਫ਼ ਸੁਪਰੀਡੈਂਟ ਸਨ ਆਖਣ ਲੱਗੇ ਕਿ ਇਸ ਵਿੱਚ ਸ਼ਾਮਲ ਹੋਣਾ ਮੇਰੇ ਲਈ ਸਨਮਾਨ ਦੀ ਗੱਲ ਹੈ ਅਤੇ ਮੈਂਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਸਲਾਮ ਅਹਮਦੀਆ ਕਟੱੜਵਾਦ ਉਪੱਰ ਵਿਸਵਾਸ ਨਹੀਂ ਰੱਖਦੀ । ਇਹੋ ਸਬਬ ਹੈ ਕਿ ਅਜ ਜਮਾਤ ਅਹਮਦੀਆ ਨੇ ਇਸ ਮਸਜਿਦ ਦਾ ਨਾਂ ਹਜ਼ਰਤ ਮਰਿਯੱਮ ਅਲੈਹਿਸਲਾਮ ਦੇ ਨਾਂ'ਤੇ ਰੱਖਿਆ ਹੈ । ਫਿਰ ਇਕ ਮਹਿਮਾਨ ਰਾਜਨੀਤੀਵਾਨ ਅਹਮਦ ਸਾਹਬ ਬਹੁਤ ਹੀ ਮੰਝੇ ਹੋਏ ਰਾਜਨੀਤਿਕ ਲੀਡਰ ਹਨ, ਕਹਿੰਦੇ ਹਨ ਕਿ 2010 ਈ. ਵਿੱਚ ਜੱਦ ਮੈਂਨੂੰ ਨੀਂਹ ਪਥੱਰ ਰੱਖਣ ਦਾ ਸਮਾਰੋਹ ਹੋਇਆ ਸੀ ਮੈਂਨੂੰ ਵੀ ਭਾਗ ਲੈਣ ਦਾ ਮੋਕਾ ਮਿਲਿਆ ਸੀ ਅਤੇ ਮੈਂਨੂੰ ਖੁਸ਼ੀ ਹੋ ਰਹੀ ਹੈ ਕਿ ਅਜ ਇਹ ਮਸਜਿਦ ਪੂਰਨ ਹੋ ਗਈ ਹੈ ਅਤੇ ਮੈਂ ਇਸ ਦੇ ਉਧਘਾਟਨ ਵਿੱਚ ਵੀ ਆਇਆ ਹਾਂ । ਅਤੇ ਜਮਾਤ ਦੀ ਪ੍ਰੇਮ ਤੇ ਪਿਆਰ ਦੀ ਸਿੱਖਿਆ ਤੋਂ ਬਹੁਤ ਹੀ ਪ੍ਰਭਾਵਤ ਹਾਂ । ਮਸਏਜਦ ਦੇ ਸਾਊਂਡ ਸਿਸਟਮ ਲਈ ਇਕ ਈਸਾਈ ਸਨ ਕੰਪਨੀ ਦੇ ਮਾਲਕ ਕਹਿੰਦੇ ਹਨ ਕਿ ਏਧਰ ਆਣ ਕੇ ਮੈਂ ਅਨੁਭਵ ਕੀਤਾ ਹੈ ਕਿ ਮੇਰੇ ਜੀਵਨ ਵਿੱਚ ਇਕ ਪਰਿਵਰਤਨ ਆ ਰਿਹਾ ਹੈ ਮੈਂਨੂੰ ਮਸਜਿਦ ਆਣ ਕੇ ਸ਼ਾਂਤੀ ਅਨੁਭਵ ਹੋ ਰਹੀ ਹੈ । ਫਿਰ ਆਰ.ਟੀ. ਰੇਡੀਓ ਚੈਨਲ ਹੈ ਆਰ.ਟੀ.ਵੀ ਤਾਂ ਏਥੇ ਵੀ ਸਕਾਈ'ਤੇ ਆਉਂਦਾ ਹੈ, ਇਹਨਾ ਦੇ ਸੁਨਣ ਵਾਲਿਆਂ ਦੀ ਗਿਣਤੀ ਵੀ ਇਕ ਮਿਲੀਯਨ ਹੈ । ਉਹਨਾਂ ਨੇ ਜੁਮਆ ਵੀ ਰਿਕਾਰਡ ਕੀਤਾ ਸੀ ਅਤੇ ਜੁਮਏ ਦੇ ਬਾਦ ਮੇਰਾ ਇੰਟਰਵੀਊ ਵੀ ਲਿਆ ਸੀ ਜਿਸ ਨੂੰ ਉਹਨਾਂ ਨੇ ਆਪਣੇ ਪ੍ਰੋਗ੍ਰਾਮਾ ਵਿੱਚ ਲਗਭਗ ਉਸੇ ਤਰ੍ਹਾਂ ਦਿਖਾਇਆ ਬਿਨਾ ਕਿਸੇ ਐਡਿਟ ਕਰਨ ਦੇ । ਫਿਰ ਆਰ.ਟੀ.ਵਨ ਦੇ ਨੁਮਾਇੰਦੇ ਜਿੰਨ੍ਹਾ ਨੇ ਮੇਰਾ ਇੰਟਰਵੀਊ ਲਿਆ ਸੀ, ਇਸਲਾਮ ਬਾਰੇ ਪ੍ਰਸ਼ਨ ਕੀਤਾ ਕਿ ਆਪ ਦਾ ਨਾਰਾ ਤਾਂ ਪ੍ਰੇਮ ਸਾਰਿਆਂ ਲਈ ਨਫ਼ਰਤ ਕਿਸੇ ਤੋਂ ਨਹੀਂ ਹੈ ਅਤੇ ਜੋ ਕੁਝ ਮੁਸਲਮਾਨ ਦੁਨੀਆ ਵਿੱਚ ਹੋ ਰਿਹਾ ਹੈ ਇਹ ਚਿੰਤਾਜਨਕ ਜਾਂ ਪ੍ਰੇਸ਼ਾਨ ਨਹੀਂ ਕਰਦਾ ਆਪ ਨੂੰ ? ਇਸ'ਤੇ ਮੈਂ ਉਹਨਾਂ ਨੂੰ ਇਹੋ ਕਿਹਾ ਸੀ ਕਿ ਇਸਲਾਮ ਤਾਂ ਇਹੋ ਸਿਖਾਉਂਦਾ ਹੈ ਕਿ ਕਿਸੇ ਦਾ ਹੱਕ ਨ ਮਾਰੋ ਕਿਸੇ ਨਾਲ ਵਧੀਕੀ ਨ ਕਰੋ ਅਤੇ ਅਸੀਂ ਤਾਂ ਇਸਲਾਮ ਦੀ ਅਸਲ ਸਿੱਖਿਆ ਉਪੱਰ ਅਮਲ ਕਰਦੇ ਹਾਂ, ਇਸੇ ਲਈ ਲਈ ਸਾਡਾ ਇਹ ਮਾਟੋ ਹੈ । ਫਿਰ ਉਹਨਾ ਨੇ ਪੁੱਛਿਆ ਕਿ ਦੁਨੀਆ ਬਾਰੇ ਆਪ ਕੀ ਕਹਿੰਦੇ ਹੋ ਤਾਂ ਮੈਂ ਉਹਨਾਂ ਨੂੰ ਦੱਸਿਆ ਕਿ ਦੁਨੀਆ ਜਿਸ ਤੀਬਰਤਾ ਨਾਲ ਖਰਾਬੀ ਤੇ ਫਸਾਦਾਂ ਵਿੱਚ ਗੜ੍ਹੁੰਦ ਹੋ ਰਹੀ ਹੈ ਇਸ ਵਿੱਚ ਕੇਵਲ ਇਸਲਾਮੀ ਦੇਸ਼ਾਂ ਦਾ ਪ੍ਰਸ਼ਨ ਨਹੀਂ ਹੈ ਸਗੋਂ ਇਸ ਵਿੱਚ ਯੂਰੋਪ ਦੇ ਦੇਸ਼ ਵੀ ਸ਼ਮਾਲ ਹਨ ਅਤੇ ਹੁਣ ਇਹ ਲਪੇਟ ਹੋਰ ਵੀ ਵੱਧਦੀ ਜਾ ਰਹੀ ਹੈ । ਜੇਕਰ ਸਬਰ ਤੇ ਸਹਿਨਸ਼ੀਲਤਾ ਨ ਦਿਖਾਈ ਗਈ, ਜੇਕਰ ਅਮਨ ਦੀ ਸਥਾਪਨਾ ਲਈ ਉਚਿਤ ਢੰਗ ਨਾਲ ਜਤਨ ਨ ਕੀਤੇ ਗਏ ਤਾਂ ਇਕ ਬਹੁਤ ਵੱਡੀ ਤਬਾਹੀ ਆਵੇਗੀ ਜਿਸ ਨੂੰ ਮੁੜ ਕਾਬੂ ਕਰਨਾ ਕਠਨ ਹੋ ਜਾਵੇਗਾ ਅਤੇ ਇਹ ਤਬਾਹੀ ਤੀਜਾ ਵਿਸ਼ਵ ਜੁੱਧ ਹੈ । ਇਸ ਨੂੰ ਵੀ ਉਹਨਾਂ ਨੇ ਆਪਣੀਆਂ ਖ਼ਬਰਾਂ ਵਿੱਚ ਵਰਨਣ ਕੀਤਾ ।

ਇਸੇ ਪ੍ਰਕਾਰ ਉਹਨਾਂ ਨੇ ਸਾਡੀ ਆਇਰ ਲੈਂਡ ਦੀ ਜਮਾਤ ਦੇ ਪ੍ਰਧਾਨ ਅਤੇ ਇੰਚਾਰਜ ਪ੍ਰਚਾਰਕ ਦਾ ਇੰਟਰਵੀਉਵੀ ਲਿਆ । ਫਿਰ ਗਾਲਵੇ ਐਫ਼.ਐਮ. ਰੇਡੀਓ ਹੈ ਉਸ ਨੇ ਵੀ ਨਸ਼ਰ ਕੀਤਾ । ਉਹਨਾ ਦੇ ਸੁਨਣ ਵਾਲਿਆਂ ਦੀ ਗਿਣਤੀ ਵੀ ਇਕ ਲੱਖ ਪੈਂਤੀ ਹਜ਼ਾਰ ਹੈ । ਫਿਰ ਆਇਰਲੈਂਡ ਦੀ ਨੈਸ਼ਨਲ ਅਖਬਾਰ ਹੈ 'ਆਇਰਿਸ਼ ਟਾਈਮਜ਼' ਉਸ ਨੇ ਵੀ ਖ਼ਬਰ ਦਿੱਤੀ 29 ਸਤੰਬਰ ਨੂੰ ਲਗਭਗ ਪੋਨੇ ਪੰਨੇ ਦੀ ਖਬਰ ਸੀ ਜਿਸ ਵਿੱਚ ਮਸਜਿਦ ਦੀਆ ਫ਼ੋਟੋਜ਼, ਮੇਰੀ ਫ਼ੋਟੋ ਅਤੇ ਹੋਰਨਾ ਫ਼ਟੋਜ਼ ਵੀ ਸਨ, ਉਹਨਾਂ ਨੇ ਇੰਟਰਵੀਊ ਵੀ ਲਿਆ ਸੀ । ਜਿਸ ਵਿੱਚ ਇੰਟਰਵੀਊ ਦੀਆਂ ਕੁਟੇਸ਼ਨਾ ਵੀ ਸਨ । ਇਸ ਅਖ਼ਬਾਰ ਦੇ ਪਾਠਕ ਲਗਭਗ ਇਕ ਲੱਖ ਇਕਯਾਸੀ ਹਜ਼ਾਰ ਹਨ ਅਤੇ ਇੰਟਰਨੈਟ ਉਪੱਰ ਲਗਭਗ ਚਾਰ ਲੱਖ ਚੁਰਾਸੀ ਹਜ਼ਾਰ ਲੋਕ ਵਿਜ਼ਿਟ ਕਰਦੇ ਤੇ ਪੜ੍ਹਦੇ ਹਨ । ਸੋ, ਜਿੱਥੇ ਅਸੀਂ ਮਸਜਿਦ ਬਣਾਉਂਦੇ ਹਾਂ ਰੱਬ ਵੱਲੋਂ ਇਸਲਾਮ ਦੀ ਹਕੀਕੀ ਸਿੱਖਿਆ ਨੂੰ ਫੈਲਾਉਂਣ ਦੇ ਅਸਾਧਾਰਣ ਸਾਧਨ ਜੁੜ ਜਾਂਦੇ ਹਨ ਰੱਬ ਦਾ ਪੱਖ ਤੇ ਸਹਾਇਤਾ ਪ੍ਰਗਟ ਹੁੰਦੀ ਹੈ, ਪਰਿਚੈ ਅਤੇ ਪ੍ਰਚਾਰ ਦੇ ਨਵੇਂ ਨਵੇਂ ਮਾਰਗ ਖੁਲਦੇ ਹਨ ਜੋ ਕਿ ਰੱਬ ਦੇ ਉਸ ਵਾਦੇ ਅਨੁਸਾਰ ਹਨ ਜੋ ਉਸਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਕੀਤੇ, ਸਾਡਾ ਤਾਂ ਮਾਮੂਲੀ ਜਿਹਾ ਜਤਨ ਹੁੰਦਾ ਹੈ ਅਤੇ ਰੱਬ ਦੀਆਂ ਅਥਾਹ ਨੇਮਤਾਂ ਹੁੰਦੀਆਂ ਹਨ ਜਿਨ੍ਹਾ ਤੋਂ ਹਰ ਅਹਮਦੀ ਈਮਾਨ

ਤੇ ਆਸਥਾ ਵਿੱਚ ਵੱਧੇਰੇ ਪੱਕਾ ਹੁੰਦਾ ਹੈ ਅਤੇ ਹੋਣਾ ਚਾਹੀਦਾ ਹੈ। ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ ਹੈਰਾਨੀ ਹੈ ਕਿ ਅਲੱਾਹ ਤਆਲਾ ਸਚੱਾਈ ਨੂੰ ਚਮਕਾਉਂਣ ਤੇ ਸਾਡੀ ਜਮਾਤ ਦੇ ਹਕ ਵਿੱਚ ਐਨੇ੍ਹ ਚਮਤਕਾਰ ਦਿਖਾ ਰਿਹਾ ਹੈ ਫਿਰ ਵੀ ਲੋਕਾਂ ਦੀਆਂ ਅੱਖਾ ਨਹੀਂ ਖੁੱਲਦੀਆਂ। ਫ਼ਰਮਾਇਆ ਕਿ ਇਹ ਵੀ ਇਕ ਅਲੱਾਹ ਦੀ ਕੁਦਰਤ ਹੈ ਕਿ ਇਨਕਾਰੀਆਂ ਦਾ ਝੂਠ ਰੱਬ ਦੇ ਚਮਤਕਾਰਾਂ ਨੂੰ ਖਿਚੱਦਾ ਹੈ। ਬਹਿਰਹਾਲ, ਰੱਬ ਕਰੇ ਇਹਨਾ ਨਾਂ ਨਿਹਾਦ ਮੌਲਵੀਆਂ ਅਤੇ ਖ਼ੁਦਗ਼ਰਜ਼ ਲੀਡਰਾਂ ਦੀਆਂ ਚੁੰਗਲਾਂ ਵਿੱਚੋਂ ਇਹ ਮੁਸਲਮਾਨ ਨਿਕਲ ਕੇ ਇਸਲਾਮ ਦੀ ਸੁੰਦਰ ਸਿੱਖਿਆ ਉਪੱਰ ਅਮਲ ਕਰਨ ਅਤੇ ਉਸਨੂੰ ਫੈਲਾਉਂਣ ਵਾਲੇ ਬਣਨ ਅਤੇ ਉਸ ਇਮਾਮ ਨੂੰ ਕਬੂਲ ਕਰਨ ਜਿਸ ਨੂੰ ਅਲੱਾਹ ਤਆਲਾ ਨੇ ਇਸ ਉਦੇਸ਼ ਲਈ ਭੇਜਿਆ ਹੈ। ਸਾਡੇ ਤਾਂ ਇਹ ਸ਼ਹੀਦ ਕਰਦੇ ਹਨ, ਇਕ ਸ਼ਹੀਦ ਹੁੰਦਾ ਹੈ ਪਰ ਉਸ ਦੇ ਸਿੱਟੇ ਵਿੱਚ ਕੀ ਓਹਨਾਂ ਨੂੰ ਸ਼ਾਂਤੀ ਮਿਲਦੀ ਹੈ। ਉਹਨਾਂ ਦੇ ਪ੍ਰਤੀਦਿਨ ਨਹੀਂ ਤਾਂ ਹਫ਼ਤੇ ਵਿੱਚ ਸੈਂਕੜੇ ਮਰ ਰਹੇ ਹਨ। ਪਾਕਿਸਤਾਨ ਵਿੱਚ ਹੀ ਦੇਖ ਲਓ, ਹਰ ਪਾਸੇ ਖ਼ਰਾਬੀ, ਬੇਚੈਨੀ ਤੇ ਫਸਾਦ ਹੈ। ਬਹਿਰਹਾਲ, ਰੱਬ ਸਾਨੂੰ ਵੀ ਤੋਫ਼ੀਕ ਪ੍ਰਦਾਨ ਕਰੇ ਕਿ ਅਸੀਂ ਵੀ ਆਪਣੇ ਫ਼ਰਜ਼ ਪੂਰਨ ਰੂਪ ਵਿੱਚ ਤੇ ਚੰਗੇ ਢੰਗ ਨਾਲ ਪੂਰੇ ਕਰਨ ਵਾਲੇ ਹੋਈਏ।

ਅੱਜ ਵੀ ਮੈਂ ਇਕ ਸ਼ਹੀਦ ਦਾ ਜਨਾਜ਼ਾਹ ਪੜ੍ਹਾਵਾਂਗਾ ਜਿੰਨ੍ਹਾ ਨੂੰ ਮਰੀਪੁਰ ਖ਼ਾਸ ਵਿੱਚ ਸ਼ਹੀਦ ਕੀਤਾ ਗਿਆ। ਦੋ ਹੋਰ ਜਨਾਜ਼ੇ ਵੀ ਹਨ, ਇਕ ਜਨਾਜ਼ਾਹ ਹਾਜ਼ਰ ਹੈ, ਉਸ ਦੇ ਨਾਲ ਹੀ ਸਾਰੇ ਜਨਾਜ਼ੇ ਹੋਣਗੇ। ਡਾਕਟਰ ਰੁਬੀਨਾ ਕਰੀਮ ਸਾਹਿਬਾ ਜੋ ਕਿ ਡਾਕਟਰ ਅਬਦੁਲ ਮੁਨਇਮ ਸਾਹਿਬ ਦੀ ਪਤਨੀ ਸਨ। ਇਹ 27 ਸਤੰਬਰ ਨੂੰ ਇਲਾਹੀ ਹੁਕਮ ਅਨੁਸਾਰ ਸਵਰਗ ਸਿਧਾਰ ਗਈ। ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ। (اناللهواناالیهراجعون) ਇਹ ਮੁਕਰੱਮ ਕੁਰੈਸ਼ੀ ਮੁਹਮੱਦ ਕਰੀਮ ਸਾਹਬ ਰਾਵਲਪਿੰਡੀ ਦੀ ਸਪੁਤੱਰੀ ਸਨ ਅਤੇ ਹਜਜ਼ਰਤ ਹਾਫ਼ਜ਼ ਮੁਹਮੱਦ ਅਮੀਨ ਸਾਹਬ ਸਹਾਬੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਪੋਤੀ ਸਨ। ਇਹ ਵਿਆਹ ਮਗਰੋ ਸਨ 2000 ਈ. ਵਿੱਚ ਆਇਰਲੈਂਡ ਆਈ ਸਨ। ਏਥੇ ਆਇਰਲੈਂਡ ਜਮਾਤ ਵਿੱਚ ਲੰਮਾ ਸਮਾਂ ਆਪ ਨੂੰ ਲੱਜਨਾ ਦੀ ਜਨਰਲ ਸੈਕ੍ਰੇਟਰੀ ਅਤੇ ਸੈਕ੍ਰੇਟਰੀ ਮਾਲ ਦੀ ਸੇਵਾ ਦਾ ਸੁਅਵਸਰ ਪ੍ਰਾਪਤ ਹੋਇਆ। ਇਸੇ ਪ੍ਰਕਾਰ 2009 ਈ. ਤੋਂ ਆਪਣੀ ਵਫ਼ਾਤ ਤੱਕ ਈਸਟ ਰੀਜਨ ਦੀ ਨਾਇਬ ਸਦਰ ਵੱਜੋਂ ਵੀ ਕਾਰਜ ਸੰਭਾਲਦੀ ਰਹੀ ਸਨ।

ਜਿਸ ਸ਼ਹੀਦ ਦਾ ਮੈਂ ਵਰਨਣ ਕੀਤਾ ਹੈ ਇਹ ਮੁਕਰੱਮ ਮੁਬੱਸ਼ਰ ਅਹਮਦ ਸਾਹਬ ਖੋਸਾ ਪੁਤੱਰ ਮੁਕਰੱਮ ਮੁਹਮੱਦ ਜਲਾਲ ਸਾਹਬ ਆਫ਼ ਸੈਟੇਲਾਈਟ ਟਾਊਨ ਮਰੀਰਪੁਰ ਖ਼ਾਸ ਹਨ। ਜਿੰਨ੍ਹਾ ਨੂੰ 22 ਸਤੰਬਰ ਨੂੰ ਸਾਡੇ ਸੱਤ ਵਜੇ ਰਾਤ ਉਹਨਾਂ ਦੇ ਕਲੀਨਿਕ ਵਿੱਚ ਜਿੱਥੇ ਇਹ ਪੈਕਟਿਸ ਕਰਦੇ ਸਨ, ਅਣਪਛਾਤੇ ਲੋਕਾਂ ਨੇ ਫ਼ਇਰਿੰਗ ਕਰਕੇ ਸ਼ਹੀਦ ਕਰ ਦਿੱਤਾ। ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ। (اناللهواناالیهراجعون) ਪ੍ਰਾਪਤ ਜਾਣਕਾਰੀ ਅਨੁਸਾਰ ਡਾਕਟਰ ਮੁਬਸ਼ੱਰ ਸਾਹਬ ਮਾਲੀ ਆਪਣੇ ਕਲੀਨਿਕ'ਤੇ ਪ੍ਰਤੀਦਿਨ ਵਾਂਗ ਰੋਗੀ ਦੇਖ ਰਹੇ ਸਨ। ਦੋ ਅਣਪਛਾਤੇ ਮੋਟਰ ਸਾਈਕਲ ਸਵਾਰ ਆਏ, ਉਹਨਾਂ ਵਿੱਚੋਂ ਇਕ ਨੇ ਕਲੀਨਿਕ ਵਿੱਚ ਦਾਖ਼ਲ ਹੋਕੇ ਮੁਬਸ਼ੱਰ ਸਾਹਬ ਉਪੱਰ ਫ਼ਾਇਰਿੰਗ ਕਰ ਦਿੱਤੀ। ਜਿਸ ਦੇ ਸਿੱਟੇ ਵਿੱਚ ਪੰਜ ਛੇ ਗੋਲੀਆਂ ਸ਼ਹੀਦ ਮਰਹੂਮ ਦੇ ਸਿਰ ਤੇ ਛਾਤੀ ਵਿੱਚ ਲੱਗੀਆਂ, ਜਿਸ ਨਾਲ ਮੌਕੇ'ਤੇ ਹੀ ਮੌਤ ਹੋ ਗਈ। ਸ਼ਹੀਦ ਮਰਹੂਮ ਸ਼ਹਾਦਤ ਸਮੇਂ ਸੈਕ੍ਰੇਟਰੀ ਤਰਬੀਯਤ ਨੌਮੁਬਾਈਨ ਵੱਜੋਂ ਸੇਵਾ ਦੀ ਤੌਫ਼ੀਕ ਪਾ ਰਹੇ ਸਨ। ਇਸ ਤੋਂ ਬਿਨਾਂ ਡਾਕਟਰ ਸਾਹਬ ਨੂੰ ਕਈ ਪ੍ਰਬੰਧਕੀ ਤੇ ਜਮਾਤੀ ਅਹੁਦਿਆਂ ਉਪੱਰ ਸੇਵਾ ਕਰਨ ਦਾ ਸੁਅਵਸਰ ਪ੍ਰਾਪਤ ਹੋਇਆ। ਡਾਕਟਰ ਅਬਦੁਲ ਮਨਾਨ ਸਿੱਦੀਕੀ ਸਾਹਬ ਸ਼ਹੀਦ ਦੀ ਅਮਾਰਤ ਸਮੇਂ ਜ਼ਿਲੇਈ ਆਮਲਾ ਦੇ ਮੈਂਬਰ ਰਹੇ। ਜੋ ਨੌਮੁਬਾਈਨ ਆਉਂਦੇ ਉਹਨਾ ਦੇ ਖਾਣ ਪੀਣ ਦਾ ਪ੍ਰਬੰਧ ਕਰਦੇ। ਉਹਨਾਂ ਕੋਲ ਕਿਰਾਇਆ ਨ ਹੁੰਦਾ ਤਾਂ ਆਪਣੀ ਜੇਬ'ਚੋਂ ਕਿਰਾਇਆ ਵੀ ਦਿੰਦੇ। ਸੇਵਾ ਕਰਨ ਦਾ ਬਹੁਥ ਸ਼ੌਕ ਸੀ। ਕਸ਼ਮੀਰ ਵਿੱਚ ਭੂਕੰਪ ਆਇਆ ਤਾਂ ਮੈਡੀਕਲ ਟੀਮ ਦੇ ਨਾਲ ਓਥੇ ਗਏ 22 ਦਿਨ ਤੱਕ ਸੇਵਾ ਦਾ ਮੌਕਾ ਮਿਲਿਆ। ਬਹਿਰਹਾਲ ਕੁਰਬਾਨੀ ਦੇ ਕਾਰਜਾਂ ਵਿੱਚ ਪਹਿਲੀ ਪੰਕਤੀ ਵਿੱਚ ਸਨ। ਮਹਿਮਾਨ ਨਵਾਜ਼ ਸਨ। ਆਪਣੇ ਸਾਥੀਆਂ ਅਤੇ ਜਮਾਤੀ ਅਹੁਦੇਦਾਰਾਂ ਦੀ ਦਾਵਤ ਦਾ ਪ੍ਰਬੰਧ ਕਰਦੇ ਸਨ। ਬਹੁਤ ਹੀ ਸਾਦਾ ਸੁਭਾਵ ਦੇ ਮਾਲਕ ਸਨ। ਖ਼ਿਲਾਫਤ ਨਾਲ ਅਤਿਅੰਤ

ਪ੍ਰੇਮ ਤੇ ਇਸ਼ਕ ਸੀ । ਅਗਿਆਕਾਰੀ ਦਾ ਅਸਾਧਾਰਣ ਜਜ਼ਬਾ ਰੱਖਦੇ ਸਨ । ਬਾਜਮਾਤ ਨਮਾਜ਼ੀ ਸਨ । ਨਫ਼ਲ ਪੜ੍ਹਨ ਵਾਲੇ ਸਨ ਦੁਰੂਦ ਪੜ੍ਹਨ ਵਾਲੇ, ਸਦਾ ਮਿੱਠੇ ਸੁਭਾਵ ਨਾਲ ਗੱਲਾਂ ਕਰਨ ਵਾਲੇ, ਦਰਗ਼ੁਜ਼ਰ ਕਰਨ ਵਾਲੇ ਤੇ ਉੱਚੇ ਆਚਰਣ ਦੇ ਮਾਲਕ ਸਨ । ਬਹੁਤ ਹੀ ਰੁਹਬ ਤੇ ਵਕਾਰ ਵਾਲਾ ਵਿਅਕਤੀਤਵ ਸੀ । ਸੰਤਾਲੀ ਸਾਲ ਉਮਰ ਸੀ । ਮੂਸੀ ਸਨ ।

ਤੀਜਾ ਜਨਾਜ਼ਾਹ ਜੋ ਕਿ ਅਲਹਾਜਹ ਨਈਮਾ ਲਤੀਫ਼ ਸਾਹਿਬਾ ਦਾ ਹੈ । ਇਹ ਮੁਕਰੱਮ ਅਲਹਾਜ ਜਲਾਲੁੱਦੀਨ ਲਤੀਫ਼ ਸਾਹਬ ਸਦਰ ਜ਼ਾਇਨ ਜਮਾਤ ਅਤੇ ਨਾਇਬ ਸਦਰ ਅਨਸਾਰ ਯੂ.ਐਸ.ਏ. ਦੀ ਪਤਨੀ ਸਨ । ਕੁਝ ਸਮੇਂ ਤੋਂ ਬਹੁਤੀ ਰੋਗੀ ਸਨ । ਨਮਾਜ਼ ਜ਼ੁਹਰ ਦੀ ਤਿਆਰੀ ਕਰ ਰਹੀ ਸਨ ਕਿ ਆਪਣੇ ਮੌਲਾ ਹਕੀਕੀ ਨੂੰ ਜਾ ਮਿਲੀ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ( اناللهواناالیہراجعون) ਮਿਸਜ਼ ਨਈਮਾ ਲਤੀਫ਼ 21 ਮਈ 1939 ਈ ਵਿੱਚ ਇਕ ਈਸਾਈ ਘਰਾਣੇ ਵਿੱਚ ਪੈਦਾ ਹੋਈ ਸਨ । ਆਪ ਨੇ ਵੈਸਟਵਰ ਵਿਰਜੀਨੀਆ ਯੂਨੀਵਰਸਿਟੀ ਵਿੱਚ ਸਿੱਖਿਆ ਪ੍ਰਾਪਤ ਕਰਕੇ ਅਮਰੀਕਨ ਆਰਮੀ ਦੇ ਮੈਡੀਕਲ ਵਿਭਾਗ ਵਿੱਚ ਸਵੈ ਸੇਵਿਕਾ ਦੇ ਰੂਪ ਵਿੱਚ ਕੰਮ ਅਰੰਭ ਕੀਤਾ । ਜੰਗ ਸਮੇਂ ਜ਼ਖ਼ਮੀ ਹੋਣ ਵਾਲੇ ਫ਼ੌਜੀਆਂ ਦੀ ਦੇਖ ਰੇਖ ਦਾ ਕੰਮ ਕੀਤਾ । ਸਮਾਜ ਵਿੱਚ ਆਪਣੀਆਂ ਜ਼ਿੰਮੇਦਾਰੀਆਂ ਨੂੰ ਸਮਝਣ ਵਾਲੀ, ਕਾਨੂਨ ਦੀ ਰੱਖਿਅਕ ਤੇ ਅਮਨ ਪਸੰਦ ਇਸਤਰੀ ਸਨ । 1974 ਈ. ਵਿੱਚ ਅਹਮਦੀਅਤ ਕਬੂਲ ਕੀਤੀ ਅਤੇ ਆਪ ਅਧਿਐਨ ਕਰਕੇ ਆਸਥਾ, ਈਮਾਨ ਤੇ ਖ਼ਲੂਸ ਵਿੱਚ ਤਰੱਕੀ ਕੀਤੀ । ਇੱਥੋਂ ਤਕੱ ਕਿ ਯੂ.ਕੇ. ਦੇ ਜਲਸਾ ਸਾਲਾਨਾ 2000 ਈ. ਦੇ ਮੌਕੇ'ਤੇ ਹਜ਼ਰਤ ਖ਼ਲੀਫ਼ਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਨਾਲ ਮੁਲਾਕਾਤ ਹੋਈ ਤਾਂ ਹਜ਼ੂਰ ਨੇ ਉਹਨਾਂ ਨੂੰ ਫ਼ਰਮਾਇਆ ਕਿ ਇਉਂ ਲੱਗਦਾ ਹੈ ਕਿ ਆਪ ਪੈਦਾਇਸ਼ੀ ਅਹਮਦੀ ਮੁਸਲਮਾਨ ਹਨ । ਸਿਸਟਰ ਨਈਮਾ ਨੇ ਆਪਣੇ ਜੀਵਨ ਵਿੱਚ ਕਦੇ ਵੀ ਨਮਾਜ਼ ਜੁਮਆ ਨਹੀਂ ਛੱਡਿਆ । ਜਮਾਤੀ ਪ੍ਰੋਗ੍ਰਾਮਾ ਵਿੱਚ ਬਕਾਇਦਗੀ ਨਾਲ ਸ਼ਮਾਲ ਹੋਣ ਵਾਲੀ ਇਸਤਰੀ ਸਨ ।

ਖ਼ਿਲਾਫ਼ਤ ਅਤੇ ਸਮੇਂ ਦੇ ਖਲੀਫ਼ਾ ਨਾਲ ਇਸ਼ਕ ਦੀ ਹੱਦ ਤੱਕ ਪਿਆਰ ਸੀ ਅਤੇ ਸਮੇਂ ਦੇ ਖ਼ਲੀਫ਼ਾ ਦੀ ਆਗਿਆਕਾਰੀ ਨੂੰ ਸਭ ਤੋਂ ਪਹਿਲ ਦਿੰਦੀ ਸਨ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਰਹਿਮਾਹੁਲੱਾਹ ਤਆਲਾ ਦੇ ਅਮਰੀਕਾ ਦੌਰੇ ਸਮੇਂ ਇਕ ਯੂਨੀਵਰਸਿਟੀ ਵਿੱਚ ਪਰਦੇ ਦੀ ਮਹਤੱਾ ਉਪੱਰ ਹਜ਼ਰਤ ਖ਼ਲੀਫ਼ਤੁਲ ਮਸੀਹ ਸਾਲਸ ਦਾ ਸੰਬੋਧਨ ਸੁਣਕੇ ਉਸੇ ਸਮੇਂ ਪਰਦਾ ਲੈ ਲਿਆ ਅਤੇ ਉਸ ਜੁੱਗ ਵਿੱਚ ਆਪਣੇ ਖੇਤਰ ਵਿੱਚ ਪਹਿਲੀ ਵਾਹਿਦ ਇਸਤਰੀ ਸਨ ਜੋ ਇਸਲਾਮੀ ਪਰਦੇ ਵਿੱਚ ਦਿਖਾਈ ਦਿੰਦੀ ਸਨ । ਅਲੱਾਹ ਤਆਲਾ ਮਰਹੂਮਾ ਦੇ ਰਦਜੇ ਬੁਲੰਦ ਫ਼ਰਮਾਏ ਅਤੇ ਉਹਨਾਂ ਨਾਲ ਪਿਆਰ ਤੇ ਮੁਹਬੱਤ ਦਾ ਵਰਤਾਓ ਕਰੇ । ਉਹਨਾਂ ਦੇ ਪਤੀ ਅਤੇ ਬੱਚਿਆਂ ਨੂੰ ਵੀ ਹੌਂਸਲਾ ਦੇਵੇ ਅਤੇ ਦੁੱਖ ਸਹਿਨ ਕਰਨ ਦੀ ਤੌਫ਼ੀਕ ਦੇਵੇ । ਹਮੇਸ਼ਾ ਉਹਨਾ ਦੀਆਂ ਮੁਸ਼ਕਲਾ ਦੂਰ ਕਰੇ । ਆਮੀਨ।


Khulasa Khutba 03.10.2014
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk

From : Nazarat Nashr-o-Isha'at Qadian 143516, Distt. Gurdaspur - Punjab (INDIA)